# ਪੰਜਾਬ ਆਈ.ਸੀ.ਟੀ. ਐਜੂਕੇਸ਼ਨ ਸੁਸਾਇਟੀ

ਐਸ.ਸੀ ਓ ਨੰ:- 104-106, ਦੂਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ ਫ਼ੋਨ ਨੰ:172-2623006, 2623207, 2620106
ਫੈਕਸ:0172-2624687 ਈ-ਮੇਲ: ictpunjab@yahoo.com

ਸੇਵਾ ਵਿਖੇ

1. ਰਾਜ ਦੇ ਸਮੂਹ ਜਿਲਾ ਸਿੱਖਿਆ ਅਫਸਰ (ਸੈ.ਸਿੱ)
2. ਰਾਜ ਦੇ ਸਮੂਹ ਸਕੂਲਾਂ ਦੇ ਮੁੱਖੀ (ਵੈਬ ਸਾਇਟ) ਰਾਹੀਂ)

ਮੀਮੋ ਨੰ: 5/4-ਆਈ.ਸੀ.ਟੀ-2008/ਮਿਸਲੇਨਿਅਸ/45205
ਮਿਤੀ ਚੰਡੀਗੜ, 05-07-2010

**ਵਿਸ਼ਾ: ਪੰਜਾਬ ਸੂਚਨਾ ਅਤੇ ਸੰਚਾਰ ਤਕਨੋਲੋਜੀ ਸਿੱਖਿਆ ਸੋਸਾਇਟੀ ਅਧੀਨ ਕੰਮ ਕਰ ਰਹੇ ਕੰਪਿਊਟਰ ਅਧਿਆਪਕਾਂ ਤੋਂ ਪੜਾਉਣ ਦੇ ਕੰਮ ਤੋਂ ਇਲਾਵਾ ਹੋਰ ਕੰਮ ਲੈਣ ਸਬੰਧੀ।**

**ਹਵਾਲਾ**: ਇਸ ਦਫਤਰ ਦੇ ਪੱਤਰ ਨੰ ਆਈ.ਸੀ.ਟੀ/5/4-ICT-2008/Misc/33644, ਮਿਤੀ 26-04-2010 ਦੀ ਲਗਾਤਾਰਤਾ ਵਿੱਚ

1. ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ ਰਾਹੀਂ ਆਪ ਜੀ ਨੂੰ ਸੂਚਿਤ ਕੀਤਾ ਗਿਆ ਸੀ ਕਿ ਕਈ ਸਕੂਲਾਂ ਦੇ ਵਿੱਚ ਕਲਰਕ ਹੋਣ ਦੇ ਬਾਵਜੂਦ ਵੀ ਲਿਖਾਪੜੀ ਦਾ ਕੰਮ ਕੰਪਿਊਟਰ ਅਧਿਆਪਕਾਂ ਜਾਂ ਦੂਜੇ ਅਧਿਆਪਕਾਂ ਨੂੰ ਸਕੂਲ ਮੁੱਖੀ ਵੱਲੋਂ ਸੋਂਪ ਦਿੱਤਾ ਜਾਂਦਾ ਹੈ। ਨਾਲ ਹੀ ਹਦਾਇਤ ਕੀਤੀ ਗਈ ਸੀ ਕਿ ਨਾਨ ਟੀਚਿੰਗ/ ਕਲੈਰਿਕਲ ਕੰਮ, ਜਿੱਥੇ ਤੱਕ ਸੰਭਵ ਹੋਵੇ, ਸਬੰਧਤ ਕਲਰਕ ਤੋਂ ਕਰਵਾਇਆ ਜਾਵੇ। ਨਾਲ ਹੀ ਸਪਸ਼ਟ ਕੀਤਾ ਗਿਆ ਸੀ ਕਿ ਸਕੂਲ ਮੁੱਖੀ ਆਪਣੇ ਹਿਸਾਬ ਨਾਲ ਸਟਾਫ ਤੋਂ ਕੰਪਿਊਟਰ ਅਧਿਆਪਕ ਸਮੇਤ ਜੋ ਕੰਮ ਠੀਕ ਸਮਝਣ ਉਹ ਸੌਂਪ ਸਕਦੇ ਹਨ ਤਾਂ ਜੋ ਸਕੂਲ ਦਾ ਕੰਮ ਸੁਚਾਰੂ ਢੰਗ ਨਾਲ ਚਲਾਇਆ ਜਾ ਸਕੇ।
2. ਇਸ ਦਫਤਰ ਵਿਖੇ ਬਹੁਤ ਸਾਰੀਆਂ ਸ਼ਿਕਾਇਤਾਂ ਪ੍ਰਾਪਤ ਹੋ ਰਹਿਆਂ ਹਨ ਕਿ ਸਕੂਲ ਵਿੱਚ ਕਲਰਕ ਹੋਣ ਦੇ ਬਾਵਜੂਦ ਅਜੇ ਵੀ ਕੰਪਿਊਟਰ ਅਧਿਆਪਕਾਂ ਤੋਂ ਕਲੈਰਿਲ ਕੰਮ ਲਿਆ ਜਾ ਰਿਹਾ ਹੈ।
3. ਪਿਛਲੇ ਦਿਨੀਂ ਸਮੂਹ ਸਕੂਲਾਂ ਦੇ ਸਟਾਫ ਅਤੇ ਸਕੂਲਾਂ ਦੇ ਕਲਰਕਾਂ ਨੂੰ ਕੰਪਿਊਟਰ ਦੀ ਵਰਤੋਂ ਦੀ ਟਰੇਨਿੰਗ ਇਸ ਦਫਤਰ ਵੱਲੋਂ ਦਿੱਤੀ ਗਈ ਹੈ ਅਤੇ ਕਲਸਟਰ ਸਕੂਲਾਂ ਵਿੱਚ ਕਲੈਰਿਕਲ ਕੰਮ ਲਈ ਕੰਪਿਊਟਰ ਵੀ ਮੁਹਇਆ ਕਰਵਾਏ ਗਏ ਹਨ, ਇਸ ਲਈ ਆਪ ਨੂੰ ਲਿਖਿਆ ਜਾਂਦਾ ਹੈ ਕਿ ਅਧਿਆਪਕਾਂ / ਕੰਪਿਊਟਰ ਅਧਿਆਪਕਾਂ ਤੋਂ ਕਲੈਰਿਕਲ ਕੰਮ ਨਾਂ ਲਿਆ ਜਾਵੇ, ਉਨ੍ਹਾਂ ਤੋਂ ਕੇਵਲ ਪੜਾਉਣ ਦਾ ਕੰਮ ਹੀ ਲਿਆ ਜਾਵੇ, ਪਰ ਸਕੂਲ ਮੁੱਖੀ ਕੇਵਲ ਡਾਟਾ ਦੀ ਸ਼ਾਂਭ ਸੰਭਾਲ ਲਈ ਕੰਪਿਊਟਰ ਅਧਿਆਪਕ ਦੀ ਮਦਦ ਲੈ ਸਕਦੇ ਹਨ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ**